# ਇਹ ਹਮਾਰਾ ਜੀਵਨ

13.7.96

## ਗੁਰਸ਼ਰਨ ਸਿੰਘ

**ਨਵੇਂ ਪੰਜਾਬ ਦਾ ਸੰਕਲਪ :** 1950-62 ਪੰਜਾਬ ਭਾਖੜਾ ਡੈਮ ਬਣਾਇਆ ਗਿਆ। ਇਹ ਦੁਨੀਆ ਦਾ ਸਭ ਤੋਂ ਉੱਚਾ ਡੈਮ ਸੀ। ਦਸ ਹਜ਼ਾਰ ਦੀ ਨਫਰੀ ਵਿਚ ਉਥੇ ਵਰਕਰਾਂ ਨੇ ਕੰਮ ਕੀਤਾ ਜਿਨ੍ਹਾਂ ਵਿਚ ਅਫਸਰਾਂ ਤੋਂ ਲੈ ਕੇ ਮਜ਼ਦੂਰ ਸ਼ਾਮਲ ਸਨ। ਜਿਨ੍ਹਾਂ ਵਰਕਰਾਂ ਨੇ ਉਥੇ ਕੰਮ ਕੀਤਾ ਹੈ ਉਹ ਬੜੇ ਫਖਰ ਨਾਲ ਇਸ ਪ੍ਰਾਜੈਕਟ ਦਾ ਜ਼ਿਕਰ ਕਰਦੇ ਹਨ ਕਿਸ ਤਰ੍ਹਾਂ ਇਕ ਟੀਮ ਵਾਕੁਨ ਕੰਮ ਕਰਕੇ ਇਹ ਪ੍ਰਾਜੈਕਟ ਮਿਥੇ ਸਮੇਂ ਵਿਚ ਖਤਮ ਕੀਤਾ। ਇਸ ਸਾਰੇ ਕੰਮ ਵਿਚ ਯੋਜਨਾਬੰਧੀ ਦਾ ਵੱਡਾ ਹੱਥ ਸੀ। ਇਹ ਇਕ ਮਿਸਾਲ ਹੈ ਕਿ ਸਹੀ ਤਰੀਕੇ ਨਾਲ ਪ੍ਰਬੰਧਕੀ ਅਤੇ ਉਸਾਰੀ ਦੇ ਕੰਮ ਦੇ ਮੇਲ ਨਾਲ ਕੋਈ ਨਿਸ਼ਾਨਾ ਪ੍ਰਾਪਤ ਕੀਤਾ ਜਾਂਦਾ ਹੈ। ਇਸ ਸੰਦਰਭ ਵਿਚ ਹੀ ਨਵੇਂ ਪੰਜਾਬ ਦੀ ਉਸਾਰੀ ਦੀ ਗੱਲ ਇਥੇ ਪ੍ਰਾਜੈਕਟ ਦੇ ਰੂਪ ਵਿਚ ਪੇਸ਼ ਕੀਤੀ ਜਾ ਰਹੀ ਹੈ।

**(ੳ) ਪ੍ਰਾਜੈਕਟ ਦਾ ਨਾਂ :** ਨਵੇਂ ਪੰਜਾਬ ਦੀ ਉਸਾਰੀ।

(ਅ) ਨਿਸ਼ਾਨਾ : ਪੰਜਾਬ ਦੇ 12486 ਪਿੰਡ, 179 ਕਸਬਿਆਂ ਵਰਗੇ ਸ਼ਹਿਰ, 17 ਦੋ ਤੋਂ ਚਾਰ ਲੱਖ ਦੀ ਅਬਾਦੀ ਵਾਲੇ ਸ਼ਹਿਰ ਅਤੇ 8 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰ ਵਿਚ ਲੋਕਾਂ ਨੂੰ ਆਧੁਨਿਕ ਸਹੂਲਤਾਂ ਮੁਹੱਈਆ ਕਰਨੀਆਂ ਤਾਂ ਜੋ ਉਹ ਗੰਦਗੀ ਅਤੇ ਜਿਲ੍ਹਤ ਵਾਲੀ ਜ਼ਿੰਦਗੀ ਤੋਂ ਨਿਜਾਤ ਪਾ ਕੇ ਇਕ ਚੰਗੀ ਜ਼ਿੰਦਗੀ ਗੁਜ਼ਾਰ ਸਕਣ। ਚੰਗੀ ਤੋਂ ਮਤਲਬ ਬਰਾਬਰ ਦੀਆਂ ਸਹੂਲਤਾਂ ਵਾਲੀ ਜ਼ਿੰਦਗੀ ਹੈ। ਇਹ ਪ੍ਰਾਜੈਕਟ ਸਿਰਫ ਉਸ ਉਦੇਸ਼ ਦੀ ਪੂਰਤੀ ਲਈ ਹੈ।

**(ੲ) ਜ਼ਰੂਰਤ** : ਇਹ ਚੰਗੀ ਜ਼ਿੰਦਗੀ ਲਈ ਵੱਡੀਆਂ ਸੜਕਾਂ, ਛੋਟੀਆਂ ਸੜਕਾਂ, ਲਿੰਕ ਸੜਕਾਂ (ਜਿਨ੍ਹਾਂ ਦੀ ਕੁੱਲ ਲੰਬਾਈ ਦਾ ਅਨੁਮਾਨ ਲਗਾਉਣਾ ਬਿਲਕੁਲ ਮੁਸ਼ਕਲ ਨਹੀਂ), ਪਿੰਡ ਪੱਧਰ ਦੇ ਹਸਪਤਾਲ, ਕਸਬਾ ਪੱਧਰ ਦੇ ਹਸਪਤਾਲ, ਸਿਵਲ ਹਸਪਤਾਲ ਤੇ ਵੱਡੇ ਹਸਪਤਾਲ, ਕਾਲਜ, ਹਾਇਰ ਸੰਕੈਡਰੀ ਸਕੂਲ, ਹਾਈ ਸਕੂਲ, ਮਿਡਲ ਸਕੂਲ, ਪ੍ਰਾਇਮਰੀ ਸਕੂਲ, ਪਿੰਡਾਂ ਦੇ ਵਿਹੜੇ ਜੋ ਹਨ ਉਥੇ ਦੋ ਜਾਂ ਤਿੰਨ ਮੰਜ਼ਲ ਰਿਹਾਇਸ਼ੀ ਫਲੈਟ ਉਸਾਰਨੇ ਜਿਨ੍ਹਾਂ ਵਿਚ ਸਹੀ ਕਿਸਮ ਦੇ ਗੁਸਲਖਾਨੇ, ਟੱਟੀਆਂ, ਬਿਜਲੀ, ਸਾਫ ਪਾਣੀ ਦੀ ਸਹੂਲਤ, ਬੱਚਿਆਂ ਦੇ ਖੇਡਣ ਲਈ ਪਾਰਕ-12 ਹਜ਼ਾਰ ਪਿੰਡਾਂ ਵਿਚ ਜ਼ਿੰਦਗੀ ਜੀਣ ਦੀਆਂ ਹਾਲਤਾਂ ਨੂੰ ਬਦਲਣਾ, ਲੋੜ ਪੈਣ 'ਤੇ ਪੁਰਾਣਾ ਢਾਹ ਕੇ ਨਵਾਂ ਉਸਾਰਨਾ ਡਰੇਨੇਜ਼ ਸਿਸਟਮ ਨੂੰ ਵੱਡੀਆਂ ਪਾਈਪਾਂ, ਛੋਟੀਆਂ ਪਾਈਪਾਂ ਦਾ ਜਾਲ ਵਿਛਾਕੇ ਸੁਧਾਰਨਾ—ਹੜ੍ਹਾਂ ਤੇ ਮੀਂਹ ਦੇ ਪਾਣੀ ਦੇ ਨਿਕਾਸ ਲਈ ਨਦੀਆਂ, ਨਾਲਿਆਂ ਦਾ ਜਾਲ ਬਣਾਉਣਾ-ਗੰਦਗੀ ਨੂੰ ਥਾਂ-ਸਿਰ ਸੁੱਟਣ ਤੇ ਫੇਰ ਉਸ ਨੂੰ ਰਸਾਇਣਕ ਤਰੀਕੇ ਨਾਲ ਲਾਭਦਾਇਕ ਚੀਜ਼ਾਂ ਵਿਚ ਬਦਲਣਾ, ਗੰਦੇ ਪਾਣੀ ਦਾ ਨਿਕਾਸ ਤੇ ਇਸ ਨੂੰ ਨਹਿਰ ਦੇ ਪਾਣੀ ਨਾਲ ਮਿਲਾਕੇ ਖੇਤੀਬਾੜੀ ਲਈ ਲਾਭਦਾਇਕ ਬਣਾਉਣਾ-ਖੇਡਾਂ ਲਈ ਸਟੇਡੀਅਮ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਲਈ ਆਡੀਟੋਰੀਅਮ ਆਦਿ। ਸਾਡੇ ਕੋਲ ਸਾਰੇ ਪੰਜਾਬ ਦੇ ਪੂਰੀ ਤਰ੍ਹਾਂ ਵਿਸਥਾਰ ਨਾਲ ਨਕਸ਼ੇ ਹਨ ਤੇ ਹਰ ਇਕ ਚੀਜ਼ ਦਾ ਅਨੁਮਾਨ ਲਗਾਉਣਾ ਮੁਸ਼ਕਲ ਨਹੀਂ। ਸਾਰਾ ਪ੍ਰਾਜੈਕਟ ਪੰਜਾਬ ਪੱਧਰ 'ਤੇ ਬਣਾਉਣਾ ਜ਼ਰੂਰੀ ਹੈ।

**(ਸ) ਖਰਚੇ ਲਈ ਰਾਸ਼ੀ :** ਇਕ ਮੋਟੇ ਅਨੁਮਾਨ ਮੁਤਾਬਕ ਸਾਰੇ ਕੰਮ ਲਈ 50,000 ਕਰੋੜ ਰੁਪਿਆ ਖਰਚ ਹੋਵੇਗਾ। 10 ਸਾਲ 'ਚ ਇਹ ਪ੍ਰਾਜੈਕਟ ਪੂਰਾ ਹੋਵੇਗਾ। ਕੁੱਲ ਅਬਾਦੀ ਢਾਈ ਕਰੋੜ ਹੈ ਇਸਦਾ ਮਤਲਬ ਹੈ ਪ੍ਰਤੀ ਜੀਵ 2000 ਰੁ: ਸਾਲ ਹਿੱਸੇ ਆਉਂਦਾ ਹੈ। ਗਰੀਬ ਲੋਕਾਂ ਦਾ ਹਿੱਸਾ ਸਰਕਾਰ ਦੇਵੇਗੀ। ਛੋਟਾ ਦਰਮਿਆਨੀ ਤਬਕਾ ਅੱਧਾ ਹਿੱਸਾ ਆਪ ਦੇਵੇਗਾ ਬਾਕੀ ਸਰਕਾਰ ਦੇਵੇਗੀ। ਉਪਰਲਾ ਤਬਕਾ ਆਪਣਾ ਹਿੱਸਾ ਆਪ ਦੇਵੇਗਾ। ਉਸ ਤੋਂ ਉੱਤੇ ਡਿਉਢਾ, ਦੂਣਾ, ਤਿਗਣਾ ਹਿੱਸਾ ਲੋਕ ਆਪਣੀ ਜੈਦਾਤ ਦੀ ਕੀਮਤ ਦੇ ਅਨੁਸਾਰ ਦੇਣਗੇ।

(ਹ) **ਪ੍ਰਬੰਧਕੀ ਢਾਂਚਾ :** ਹੇਠਾਂ ਤੋਂ ਉੱਤੇ ਪ੍ਰਬੰਧਕੀ ਢਾਂਚਾ ਬਣਾਇਆ ਜਾਏਗਾ। ਲੋਕਾਂ ਦੀ ਸ਼ਮੂਲੀਅਤ, ਨਿਗਰਾਨੀ ਅਤੇ ਪਹਿਰੇਦਾਰੀ ਯਕੀਨੀ ਬਣਾਈ ਜਾਵੇਗੀ।

**(ਕ) ਇਹ ਕੰਮ ਕੌਣ ਕਰੇਗਾ :** ਇਹ ਸਰਕਾਰ ਕਰੇਗੀ ਤੇ ਸਰਕਾਰ ਵੀ ਉਹ ਕਰੇਗੀ ਜਿਸ ਦੀ ਇਹ ਕੰਮ ਕਰਨ ਦੀ ਵਚਨਬੱਧੀ ਹੋਵੇਗੀ। ਇਹ ਸਰਕਾਰ ਲੋਕ-ਪੱਖੀ ਪਾਰਟੀਆਂ ਹੀ ਬਣਾ ਸਕਦੀਆਂ ਹਨ। ਇਸ ਪ੍ਰਾਜੈਕਟ ਦੇ ਵਿਰੋਧੀ ਉਹ ਹੋਣਗੇ, ਜਿਨ੍ਹਾਂ ਦਾ ਜੀਵਨ ਫਲਸਫਾ ਹੈ ਕਿ ਇਹ ਸਮਾਜ ਜਿਉਂ ਦਾ ਤਿਉਂ ਰਹੇਗਾ ਤੇ ਇਸ ਵਿਚ ਕੋਈ ਬਦਲੀ ਨਹੀਂ ਹੋ ਸਕਦੀ।

**(ਖ) ਨਿਚੋੜ :** ਕੋਈ ਕੰਮ ਕਰਨ ਲਈ ਪਹਿਲੇ ਉਦੇਸ਼ ਬਣਾਉਣਾ ਪੈਂਦਾ ਹੈ ਫੇਰ ਉਹ ਉਦੇਸ਼ ਪੂਰਾ ਕਰਨ ਲਈ ਵਿਉਂਤਬੱਧੀ ਕਰੀਦੀ ਹੈ। ਪਲੈਨਿੰਗ ਕਰੀਦੀ ਹੈ। ਰਾਸ਼ੀ ਦਾ ਅਨੁਮਾਨ ਲਗਾਈਦਾ ਹੈ। ਪ੍ਰਬੰਧਕੀ ਢਾਂਚਾ ਬਣਾਈਦਾ ਹੈ ਤੇ ਫੇਰ ਕੰਮ 'ਚ ਜੁੱਟ ਜਾਈਦਾ ਹੈ। ਕੰਮ ਕਰਨ ਦੇ ਇਹੀ ਤਰੀਕੇ ਹਨ। ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਕ ਦਸ ਸਾਲਾ ਪ੍ਰਾਜੈਕਟ ਰਾਹੀਂ ਆਧੁਨਿਕ ਸਹੂਲਤਾਂ ਵਾਲਾ ਨਵਾਂ ਪੰਜਾਬ ਬਣਾ ਲਿਆ ਜਾ ਸਕਦਾ ਹੈ।

13-7-1996.

### ਖਬਰਾਂ ਵਿਚੋਂ ਖਬਰ

-ਗੰਦੇ ਬੱਸ ਅੱਡੇ : ਇਕ ਕਾਲਮ-ਨਵੀਸ ਨੇ ਲਿਖਿਆ ਹੈ ਕਿ ਜਲੰਧਰ ਦਾ ਬੱਸ ਅੱਡਾ ਹੁਣ ਗੰਦਗੀ ਦਾ ਮੁਜੱਸਮਾਂ ਹੈ। ਕੁੱਝ ਸਾਲ ਪਹਿਲੇ ਬੱਸ ਸਟੈਂਡਾਂ ਨੂੰ ਚੰਗਾ ਬਣਾਉਣ ਲਈ ਜਿਹੜੀ ਮੁਹਿਮ ਸ਼ੁਰੂ ਕੀਤੀ ਗਈ ਸੀ, ਜਲੰਧਰ ਦਾ ਬੱਸ ਸਟੈਂਡ ਉਸ ਕੜੀ ਦਾ ਪਹਿਲਾ ਸੀ। ਫੇਰ ਅੰਮ੍ਰਿਤਸਰ, ਲੁਧਿਆਣਾ, ਬਠਿੰਡਾ ਦੀ ਵਾਰੀ ਆਈ। ਪਿਛਲੇ ਸਾਲ ਪਟਿਆਲਾ ਦਾ ਨਵਾਂ ਬੱਸ ਅੱਡਾ ਬਣਾਇਆ ਗਿਆ। ਬੜੀ ਵੱਡੀ ਰਾਸ਼ੀ ਲਗਾ ਕੇ ਇਨ੍ਹਾਂ ਬੱਸ ਸਟੈਂਡਾਂ ਨੂੰ ਆਧੁਨਿਕ ਸਹੂਲਤਾਂ ਦਿੱਤੀਆਂ ਗਈਆਂ। ਪਰ ਸਹੀ ਨਿਗਰਾਨੀ ਅਤੇ ਅਨੁਸ਼ਾਸਨ ਨਾ ਹੋਣ ਕਰਕੇ ਸਭ ਕੁੱਝ ਗੰਦ ਵਿਚ ਬਦਲ ਗਿਆ ਹੈ। ਲੋੜ ਹੈ ਕਿ ਹਰ ਬੱਸ ਸਟੈਂਡ 'ਤੇ ਇਕ ਐਸਾ ਪ੍ਰਬੰਧਕ ਨਿਯੁਕਤ ਕੀਤਾ ਜਾਵੇ ਜਿਹੜਾ ਬੱਸ ਸਟੈਂਡਾਂ ਨੂੰ ਸਹੀ ਹਾਲਤ ਵਿਚ ਰੱਖੇ। ਗੰਦਗੀ ਨੂੰ ਨਫਰਤ ਕਰਨਾ ਸਾਡੇ ਸੱਭਿਆਚਾਰ ਦਾ ਹਿੱਸਾ ਹੋਣਾ ਚਾਹੀਦਾ ਹੈ।

***-ਕੋਈ ਡਿੱਗਦਾ ਹੈ, ਤਾਂ ਕਿੱਥੇ ਡਿੱਗਦਾ ਹੈ*** : ਕਾਂਗਰਸ ਤੇ ਬਸਪਾ ਦਾ ਯੂ.ਪੀ ਵਿਚ ਜੋ ਸਮਝੌਤਾ ਹੋਇਆ ਹੈ ਉਹਦੇ ਬਾਰੇ ਜੋ ਟਿੱਪਣੀਆਂ ਆਈਆਂ ਹਨ। ਉਹਨਾਂ ਵਿਚੋਂ ਇਕ ਟਿੱਪਣੀ ਬਿਜ਼ਨੈਸ ਸਟੈਂਡਰਡ ਦੇ 6 ਜੁਲਾਈ ਅੰਕ ਵਿਚ ਹੈ। ਨਰਸਿਮ੍ਹਾ ਰਾਓ ਦੀ ਹਾਜ਼ਰੀ ਵਿਚ ਕਾਂਸ਼ੀ ਰਾਮ ਨੇ ਕਿਹਾ : ਅਸੀਂ ਉਹਨਾਂ ਨਾਲ ਹੀ ਸਮਝੌਤਾ ਕਰਦੇ ਹਾਂ ਜਿਹੜੇ ਸਾਡੇ ਨਾਲੋਂ ਕਮਜ਼ੋਰ ਹੋਣ ਤਾਂ ਜੋ ਅਸੀਂ ਆਪਣੀਆਂ ਸ਼ਰਤਾਂ ਤੇ ਸਮਝੌਤਾ ਕਰਨ ਦੇ ਯੋਗ ਹੋਈਏ, (ਇਹ ਬਿਆਨ ਅਕਾਲੀ ਵੀਰਾਂ ਦੇ ਧਿਆਨ ਵਿਚ ਵੀ ਆਉਣਾ ਚਾਹੀਦਾ ਹੈ)

-ਅਸੀਂ ਕਾਂਗਰਸ ਨੂੰ 125 ਸੀਟਾਂ ਦੇ ਦੇਵਾਂਗੇ (ਲਹਿਜਾ ਕਿ ਦਾਨ ਦੇ ਦੇਵਾਂਗੇ)

-ਮੁੱਖ ਮੰਤਰੀ ਮਾਇਆਵਤੀ ਹੀ ਹੋਵੇਗੀ।

-ਅਸੀਂ ਡਿਗਦੀ ਹੋਈ ਕਾਂਗਰਸ ਪਾਰਟੀ ਨੂੰ ਠੁਮਣਾ ਦੇਵਾਂਗੇ।

ਕਾਲਮ ਨਵੀਸ ਦਾ ਲਿਖਣਾ ਹੈ ਕਿ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਦੀ ਪਾਰਟੀ ਏਨੀ ਨਿਮਾਣੀ ਤੇ ਨਿਤਾਣੀ ਹੋ ਜਾਵੇਗੀ ਕਿ ਇਹਦਾ ਅਨੁਮਾਨ ਲਗਾਉਣਾ ਹੀ ਮੁਸ਼ਕਲ ਹੈ। ਇਹ ਬਿਲਕੁਲ ਖੱਡ ਵਿਚ ਡਿੱਗਣ ਦੇ ਬਰਾਬਰ ਹੈ ਪਰ ਕਾਲਮ ਨਵੀਸ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ ਕਿਉਂਕਿ ਹੁਣ ਇਸੇ ਪਾਰਟੀ ਦੇ ਪ੍ਰਧਾਨ 'ਤੇ 420 ਦਾ ਕੇਸ ਵੀ ਪੈ ਗਿਆ।